## ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 16-12-2024**

ਵਿਜੈ ਦਿਵਸ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹੈ ਕਿ ਦੇਸ਼ ਅੱਜ ਦੇ ਦਿਨ 1971 'ਚ ਭਾਰਤ ਦੀ ਇਤਿਹਾਸਕ ਜਿੱਤ 'ਚ ਯੋਗਦਾਨ ਪਾਉਣ ਵਾਲੇ ਬਹਾਦਰ ਸੈਨਿਕਾਂ ਦੀ ਦਿਲੇਰੀ ਤੇ ਬਲੀਦਾਨ ਦਾ ਸਨਮਾਨ ਕਰਦਾ ਏ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਸੈਨਿਕਾਂ ਦੇ ਨਿਰਸਵਾਰਥ ਸਮਰਪਣ ਅਤੇ ਅਟੁੱਟ ਸੰਕਲਪ ਨੇ ਰਾਸ਼ਟਰ ਦੀ ਰੱਖਿਆ ਕੀਤੀ ਅਤੇ ਇਸ ਦਾ ਮਾਣ ਵਧਾਇਆ। ਉਨ੍ਹਾਂ ਕਿਹਾ ਕਿ ਸੈਨਿਕਾਂ ਦਾ ਬਲੀਦਾਨ ਆਉਣ ਵਾਲੀਆਂ ਪੀੜ੍ਹੀਆਂ ਨੂੰ ਹਮੇਸ਼ਾ ਪ੍ਰੇਰਿਤ ਕਰਦਾ ਰਹੇਗਾ।

-----------------------------------------------------------

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਵਿਜੇ ਦਿਵਸ ਦੇ ਮੌਕੇ 'ਤੇ ਭਾਰਤ ਦੀਆਂ ਹਥਿਆਰਬੰਦ ਸੈਨਾਵਾਂ ਦੀ ਬਹਾਦਰੀ ਅਤੇ ਬਲੀਦਾਨ ਨੂੰ

ਸਲਾਮ ਕੀਤਾ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਰੱਖਿਆ ਮੰਤਰੀ ਨੇ ਕਿਹਾ ਕਿ ਦੇਸ਼, ਉਨ੍ਹਾਂ ਦੀ ਕੁਰਬਾਨੀ ਅਤੇ ਰਾਸ਼ਟਰ ਦੀ ਸੇਵਾ ਨੂੰ ਹਮੇਸ਼ਾ ਯਾਦ ਰੱਖੇਗਾ। ਉਨ੍ਹਾਂ ਕਿਹਾ ਕਿ ਫੌਜ ਦੇ ਅਟੁੱਟ ਸਾਹਸ ਅਤੇ ਦੇਸ਼ ਭਗਤੀ ਨੇ ਦੇਸ਼ ਦੀ ਸੁਰੱਖਿਆ ਯਕੀਨੀ ਬਣਾਈ ਏ।

---------------------------------------------------------------

ਅੱਜ ਦੇਸ਼ 1971 ਦੀ ਭਾਰਤ-ਪਾਕਿਸਤਾਨ ਜੰਗ ਵਿੱਚ ਪਾਕਿਸਤਾਨ ਉੱਤੇ ਭਾਰਤ ਦੀ ਜਿੱਤ ਦੀ 53ਵੀਂ ਵਰ੍ਹੇਗੰਢ ਵਿਜੈ ਦਿਵਸ ਵਜੋਂ ਮਨਾ ਰਿਹਾ ਏ। ਹਰ ਸਾਲ 16 ਦਸੰਬਰ ਨੂੰ ਮਨਾਇਆ ਜਾਂਦਾ ਇਹ ਵਿਜੈ ਦਿਵਸ ਭਾਰਤੀ ਹਥਿਆਰਬੰਦ ਬਲਾਂ ਦੀ ਅਗਵਾਈ ਵਿੱਚ ਫੈਸਲਾਕੁੰਨ ਫੌਜੀ ਜਿੱਤ ਅਤੇ ਬੰਗਲਾਦੇਸ਼ ਦੀ ਸਿਰਜਣਾ ਦੀ ਯਾਦ ਦਿਵਾਉਂਦਾ ਏ।

ਇਸੇ ਸਿਲਸਿਲੇ ਵਿਚ ਅੰਮ੍ਰਿਤਸਰ ਸਥਿਤ ਇਤਿਹਾਸਕ ਕਿਲ੍ਹਾ ਗੋਬਿੰਦਗੜ੍ਹ ਵਿਖੇ ਇੱਕ ਸ਼ਾਨਦਾਰ ਸੱਭਿਆਚਾਰਕ ਸ਼ਾਮ, "ਏਕ ਸ਼ਾਮ ਵੀਰੋਂ ਕੇ ਨਾਮ" ਦੇ ਨਾਲ ਮਨਾਈ ਗਈ। ਸਾਡੇ ਬਹਾਦਰ ਸੈਨਿਕਾਂ ਦੀਆਂ ਬੇਮਿਸਾਲ ਕੁਰਬਾਨੀਆਂ ਦਾ ਸਨਮਾਨ ਕਰਨ ਲਈ ਇਕੱਠੇ ਹੋਏ ਹਜ਼ਾਰਾਂ

ਦਰਸ਼ਕਾਂ 'ਤੇ ਇਸ ਸ਼ਾਨਦਾਰ ਸਮਾਗਮ ਨੇ ਇੱਕ ਸਥਾਈ ਪ੍ਰਭਾਵ ਛੱਡਿਆ।

--------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਮਹੀਨੇ ਦੀ 29 ਤਰੀਕ ਨੂੰ, ਸਵੇਰੇ 11 ਵਜੇ, ਆਕਾਸ਼ਵਾਣੀ 'ਤੇ ਪ੍ਰੋਗਰਾਮ 'ਮਨ ਕੀ ਬਾਤ' ਵਿਚ, ਦੇਸ਼-ਵਿਦੇਸ਼ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ । ਇਹ ਪ੍ਰੋਗਰਾਮ ਦੀ 117ਵੀਂ ਕੜੀ ਹੋਵੇਗੀ । ਸਰੋਤੇ ਪ੍ਰੋਗਰਾਮ ਲਈ ਆਪਣੇ ਸੁਝਾਅ, ਟੋਲ ਫਰੀ ਨੰਬਰ 1800-11-7800 'ਤੇ ਭੇਜ ਸਕਦੇ ਨੇ । ਸਰੋਤੇ MyGov ਓਪਨ ਫੋਰਮ ਰਾਹੀਂ ਆਪਣੇ ਸੁਝਾਅ ਆਨਲਾਈਨ ਵੀ ਸਾਂਝੇ ਕਰ ਸਕਦੇ ਨੇ । ਇਸ ਪ੍ਰੋਗਰਾਮ ਲਈ ਸੁਝਾਅ, ਇਸ ਮਹੀਨੇ ਦੀ 27 ਤਰੀਕ ਤੱਕ ਭੇਜੇ ਜਾ ਸਕਦੇ ਨੇ ।

ਪ੍ਰੋਗਰਾਮ ਦਾ ਪ੍ਰਸਾਰਣ ਆਕਾਸ਼ਵਾਣੀ ਤੇ ਦੂਰਦਰਸ਼ਨ ਦੇ ਸਮੁਚੇ ਨੈੱਟਵਰਕਾਂ , AIR ਨਿਊਜ਼ ਵੈੱਬਸਾਈਟ ਅਤੇ News on AIR ਮੋਬਾਈਲ ਐਪ 'ਤੇ ਕੀਤਾ ਜਾਵੇਗਾ ।

ਇਸ ਪ੍ਰੋਗਰਾਮ ਨੂੰ AIR News, DD News, ਪ੍ਰਧਾਨ ਮੰਤਰੀ ਦੇ ਦਫਤਰ ਅਤੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਯੂਟਿਊਬ ਚੈਨਲਾਂ 'ਤੇ ਵੀ ਸਿੱਧਾ ਪ੍ਰਸਾਰਤ ਕੀਤਾ ਜਾਵੇਗਾ। ਆਕਾਸ਼ਵਾਣੀ, ਹਿੰਦੀ ਪ੍ਰਸਾਰਣ ਤੋਂ ਤੁਰੰਤ ਬਾਅਦ ਪ੍ਰੋਗਰਾਮ ਨੂੰ ਖੇਤਰੀ ਭਾਸ਼ਾਵਾਂ ਵਿਚ ਪ੍ਰਸਾਰਤ ਕਰੇਗਾ।

---------------------------------------------------

ਉੱਘੇ ਤਬਲਾ ਵਾਦਕ ਜ਼ਾਕਿਰ ਹੁਸੈਨ ਦਾ ਬੀਤੀ ਰਾਤ ਅਮਰੀਕਾ ਵਿੱਚ ਦੇਹਾਂਤ ਹੋ ਗਿਆ। ਉਹ 73 ਵਰ੍ਹਿਆਂ ਦੇ ਸਨ। ਪਰਿਵਾਰਕ ਸੂਤਰਾਂ ਨੇ ਦੱਸਿਆ ਕਿ ਉਹ, ਬਲੱਡ ਪ੍ਰੈਸ਼ਰ ਸਬੰਧੀ ਸਮੱਸਿਆਵਾਂ ਨਾਲ ਪੀੜਤ ਸਨ। ਇਸ ਤੋਂ ਪਹਿਲਾਂ ਜ਼ਾਕਿਰ ਹੁਸੈਨ ਨੂੰ ਦਿਲ ਦੀਆਂ ਸਮੱਸਿਆਵਾਂ ਤੋਂ ਬਾਅਦ, ਸਾਨ ਫਰਾਂਸਿਸਕੋ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ।

ਉਸਤਾਦ ਜ਼ਾਕਿਰ ਹੁਸੈਨ ਦਾ ਜਨਮ 9 ਮਾਰਚ 1951 ਨੂੰ ਮੁੰਬਈ ਵਿੱਚ ਹੋਇਆ ਸੀ। ਪ੍ਰਸਿੱਧ ਤਬਲਾ ਵਾਦਕ ਅੱਲ੍ਹਾ ਰਾਖਾ ਦੇ ਵੱਡੇ ਪੁੱਤਰ ਹੋਣ ਦੇ ਨਾਤੇ, ਉਹ ਕੁਦਰਤੀ ਤੌਰ 'ਤੇ ਬਹੁਤ ਛੋਟੀ ਉਮਰ ਤੋਂ ਹੀ ਸੰਗੀਤ ਵੱਲ ਆਕਰਸ਼ਿਤ ਰਹੇ।

ਛੇ ਦਹਾਕਿਆਂ ਦੇ ਇਸ ਸਫ਼ਰ ਵਿੱਚ, ਉਸਤਾਦ ਜ਼ਾਕਿਰ ਹੁਸੈਨ ਨੇ ਇਸ ਸਾਲ ਦੇ ਸ਼ੁਰੂ ਵਿੱਚ, 66ਵੇਂ ਗ੍ਰੈਮੀ ਐਵਾਰਡਾਂ ਵਿੱਚ, ਤਿੰਨ ਸਮੇਤ ਪੰਜ ਗ੍ਰੈਮੀ ਅਵਾਰਡ ਜਿੱਤੇ । ਉਨ੍ਹਾਂ 'ਸਾਜ਼', 'ਹੀਟ ਐਂਡ ਡਸਟ' ਸਮੇਤ ਕੁਝ ਫਿਲਮਾਂ ਵਿੱਚ ਵੀ ਕੰਮ ਕੀਤਾ। ਉਨ੍ਹਾਂ ਸਭ ਤੋਂ ਤਾਜ਼ਾ ਫਿਲਮ 'ਮੰਕੀ ਮੈਨ' 2024 ਵਿੱਚ ਰਿਲੀਜ਼ ਹੋਈ। ਜ਼ਾਕਿਰ ਹੁਸੈਨ ਨੇ , ਭਾਰਤੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਕਈ ਮਸ਼ਹੂਰ ਕਲਾਕਾਰਾਂ ਨਾਲ ਸਹਿਯੋਗ ਕੀਤਾ। ਉਨ੍ਹਾਂ ਨੂੰ 1988 ਵਿੱਚ ਦੇਸ਼ ਦੇ ਸਰਵਉੱਚ ਨਾਗਰਿਕ ਸਨਮਾਨਾਂ ਵਿੱਚੋਂ ਇੱਕ ਪਦਮ ਸ਼੍ਰੀ , 2002 ਵਿੱਚ ਪਦਮ ਭੂਸ਼ਣ ਅਤੇ 2023 ਵਿੱਚ ਪਦਮ ਵਿਭੂਸ਼ਣ ਨਾਲ ਨਿਵਾਜ਼ਿਆ ਗਿਆ ।